**KHALSA DHARMAK SABHA**
18 Niven Road, Singapore 228365
Telephone : +65 6338 0731 Fax: +65 6339 3060

ਪਿਆਰੀ ਸਾਧ ਸੰਗਤ ਜੀ ੧੪ ਮਾਰਚ ੨੦੨੦

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ।।

ਕੁਝ ਸਮੇਂ ਤੋਂ ਅਸੀਂ ਕੋਵਿਦ ੧੯(COVID-19) ਦੇ ਵਾਇਰਸ ਨਾਲ ਨਜਿੱਠ ਰਹੇ ਹਾਂ । ਖਾਲਸਾ ਧਾਰਮਿਕ ਸਭਾ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਲਈ ਸੁਰੱਖਿਅਤ ਮਾਹੌਲ ਬਣਾਉਣ ਲਈ ਕੁੱਝ ਉਚੇਚੇ ਅਤੇ ਜ਼ਰੂਰੀ ਕਦਮ ਚੁੱਕੇ ਜਾ ਰਹੇ ਹਨ। ਹੁਣ ਤੋਂ ਅਸੀਂ ਜਿੰਨੇ ਵੀ ਵੱਡੇ ਸਮਾਗਮ ਅਤੇ ਖਾਸ ਕੰਮ ਕਰਨ ਵਾਲੇ ਹਨ , ਖਾਲਸਾ ਧਾਰਮਿਕ ਸਭਾ ਵੱਲੋਂ ਰੱਦ ਕੀਤੇ ਜਾਂਦੇ ਹਨ। ਸਾਡੀ ਰੋਜ਼ਾਨਾ ਦੀ ਚਰਚਾ ਵੱਲੋਂ ਵਧੇਰੇ ਤੋ ਵਧੇਰੇ ਸਮਾਧਾਨ ਕੀਤੇ ਜਾ ਰਹੇ ਹਨ ਤਾਂ ਜੋ ਇਹ ਵਾਇਰਸ ਨਾਂ ਫ਼ੈਲੇ।

ਸਭ ਤੋਂ ਪਹਿਲਾਂ, ਅਸੀਂ ਸਾਰੇ ਆਪਣੇ ਹੱਥ ਚੰਗੀ ਤਰ੍ਹਾਂ ਸਾਬਣ ਨਾਲ ਧੋਵਾਗੇ, ਜਿਥੋ ਅਸੀ ਗੁਰਦੁਆਰਾ ਸਾਹਿਬ ਵਿਚ ਦਾਖਲ ਹੁੰਦੇ ਹਾਂ । ਦੂਸਰਾ, ਅਸੀਂ ਦਾਖਲ ਹੋਣ ਤੋਂ ਪਹਿਲਾਂ ਹਰ ਇਕ ਵਿਅਕਤੀ ਦਾ ਤਾਪਮਾਨ ਚੈੱਕ ਕਰਾਂਗੇ ਅਤੇ ਫਿਰ ਗੁਰਦੁਆਰਾ ਸਾਹਿਬ ਦਾਖਲ ਹੋਣ ਦੀ ਇਜਾਜ਼ਤ ਦਿੱਤੀ ਜਾਵੇਗੀ । ਕੋਈ ਵੀ ਵਿਅਕਤੀ ਜਿਸਦਾ ਤਾਪਮਾਨ ੩੮°c ਜਾਂ ਉਸਤੋਂ ਜ਼ਿਆਦਾ ਹੋਇਆ, ਜਾਂ ਕੋਈ ਹੋਰ ਵਾਇਰਸ ਦੇ ਲੱਛਣ ਦੇਖੇ ਜਾਂਣ ਤੇ ਉਸਨੂੰ ਗੁਰਦੁਆਰਾ ਸਾਹਿਬ ਦਾਖਿਲ ਹੋਣ ਦੀ ਬਜਾਏ ਉਨ੍ਹਾਂ ਨੂੰ ਪੁੱਛਿਆ ਜਾਵੇਗਾ ਕਿ ਕੀ ਉਹ ਡਾਕਟਰ ਕੋਲ ਗਏ ਹਨ । ਤੀਜਾ, ਦੇਗ ਵੰਡਣ ਤੋਂ ਪਹਿਲਾਂ ਹੱਥ ਚੰਗੀ ਤਰ੍ਹਾਂ ਸਾਫ਼ ਕੀਤੇ ਜਾਣਗੇ ਅਤੇ ਮੂੰਹ ਢੱਕਿਆ ਜਾਵੇਗਾ । ਚੌਥਾ, ਸਾਰੀ ਲੰਗਰ ਬਣਾਉਣ ਦੀ ਤਿਆਰੀ ਮੂੰਹ ਢੱਕ ਕੇ ਜਾਂ ਮਾਸਕ ਅਤੇ ਦਸਤਾਨੇ ਪਹਿਨ ਕੇ ਕੀਤੀ ਜਾਵੇਗੀ । ਪੰਜਵਾਂ, ਲੰਗਰ ਹਾਲ ਦੇ ਮੇਜ਼ ਕੁਰਸੀਆਂ ਅਤੇ ਹਰ ਇੱਕ ਚੀਜ਼ ਜਿਸਨੂੰ ਛੂਹਿਆ ਗਿਆ ਹੈ ਉਸਨੂੰ ਦਿਨ ਵਿੱਚ ਤਿੰਨ ਵਾਰ ਸਾਫ ਕੀਤਾ ਜਾਵੇਗਾ । ਅੰਤ ਵਿੱਚ ਅਸੀਂ ਸੰਗਤ ਨੂੰ ਇਹ ਯਾਦ ਕਰਵਾਉਂਦੇ ਹਾਂ ਕਿ ਜੇਕਰ ਕੋਈ ਵਿਅਕਤੀ ਆਪਣੇ ਆਪ ਨੂੰ ਠੀਕ ਨਹੀਂ ਸਮਝ ਰਿਹਾ ਜਾਂ ਕਿਸੇ ਵੀ ਤਰ੍ਹਾਂ ਦੇ ਵਾਇਰਸ ਦੇ ਲੱਛਣ ਹਨ ਤਾਂ ਉਹ ਗੁਰਦੁਆਰਾ ਸਾਹਿਬ ਨਾ ਆਉਣ ।

ਸਿੰਘਾਪੁਰ ਵਿਚ ਕੋਵਿਦ ੧੯(COVID-19) ਵਾਇਰਸ ਲਗਾਤਾਰ ਵਧ ਰਿਹਾ ਹੈ, ਜਿਸ ਕਰਕੇ ਸਾਡੀ ਮੈਨੇਜਮੈਂਟ ਕਮੇਟੀ ਨੇ ਇਹ ਫੈਸਲਾ ਲਿਆ ਹੈ ਕਿ ਉਹ ਪਹਿਲਾਂ ਤੋਂ ਹੀ ਸੰਗਤਾਂ ਨੂੰ ਇਸ ਵਾਇਰਸ ਪ੍ਰਤੀ ਜਾਗਰੂਕ ਕਰ ਦਿੱਤਾ ਜਾਵੇ। ਜਲਦੀ ਪ੍ਰਭਾਵ ਲਈ, ਅਸੀਂ ਤੁਹਾਨੂੰ ਹੇਠ ਲਿਖੀਆਂ ਕੁਝ ਮੁਢਲੀਆਂ ਸਾਵਧਾਨੀਆਂ ਤੋਂ ਜਾਣੂ ਕਰਵਾ ਦੇਈਏ ।

੧) ਅਸੀਂ ਆਪਣੀ ਸੰਗਤ ਨੂੰ ਅਪੀਲ ਅਤੇ ਅਰਜ਼ ਕਰਦੇ ਹਾਂ ਕਿ ਉਹ ਦਰਬਾਰ ਸਾਹਿਬ ਵਿੱਚ ਇੱਕ ਦੂਜੇ ਤੋਂ ਘੱਟ ਤੋਂ ਘੱਟ ਇਕ ਮੀਟਰ ਦੀ ਦੂਰੀ ਤੇ ਬੈਠਣਗੇ । ਗਿਆਨੀ ਜੀ ਅਤੇ ਰਾਗੀ ਸਮੇਂ ਸਮੇਂ ਸਿਰ ਘੋਸ਼ਣਾ ਕਰਨਗੇ ਕਿ ਸੰਗਤਾਂ ਦੂਰੀ ਬਣਾਈ ਰੱਖਣ ।

੨) ਲੰਗਰ ਹਾਲ ਵਿਚ ਅਸੀਂ ਸੰਗਤ ਲਈ ਮੇਜ਼ ਤੇ ਕੁਰਸੀਆਂ ਨੂੰ ਇੱਕ ਮੀਟਰ ਦੀ ਦੂਰੀ ਤੇ ਲਗਾ ਦਿੱਤਾ ਹੈ, ਤਾਂ ਜੋ ਉਹ ਖਾਂਦੇ ਸਮੇਂ ਇੱਕ ਦੂਜੇ ਦੇ ਸੰਪਰਕ ਵਿਚ ਨਾ ਆਉਣ । ਕ੍ਰਿਪਾ ਕਰਕੇ ਵੱਧ ਜਗ੍ਹਾ ਤੇ ਇੱਕ ਦੂਜੇ ਦੇ ਨੇੜੇ ਕੁਰਸੀ ਲਗਾਉਣ ਨੂੰ ਅਣਗੌਲਿਆਂ ਕਰਨ।

੩) ਲੰਗਰ ਹਾਲ ਵਿਚ ਛੋਟੇ ਅਤੇ ਵੱਡੇ ਇਕੱਠ ਨੂੰ ਸੰਭਾਲਣ ਲਈ ਅਸੀਂ ਦੂਸਰੇ ਲੈਵਲ ਵਿਚ ਜਿਥੇ ਉਸਦਾ ਆਪਣੀ ਲੰਗਰ ਵਰਤਾਉਣ ਵਾਲੀ ਜਗ੍ਹਾ ਦੇ ਨਾਲ ਨਾਲ ਮੇਜ਼ ਤੇ ਕੁਰਸੀਆਂ ਦਾ ਇੰਤਜ਼ਾਮ ਕੀਤਾ ਗਿਆ ਹੈ । ਹਰੇਕ ਹਾਲ ਵਿਚ ਬੈਠਣ ਦੀ ਜਗ੍ਹਾ ਘਟਾ ਦਿੱਤੀ ਹੈ। ਇਸ ਲਈ ਅਸੀਂ ਹਰੇਕ ਨੂੰ

ਅਪੀਲ ਕਰਦੇ ਹਾਂ ਕਿ ਉਹ ਆਪਣਾ ਖਾਣਾ ਜਲਦੀ ਖਤਮ ਕਰਨ ਅਤੇ ਹੋਰ ਵਿਅਕਤੀ ਲਈ ਜਗ੍ਹਾ ਖਾਲੀ ਕਰਨ।

੪) ਸੰਗਤ ਦੇ ਬਿਹਤਰ ਪ੍ਰਵਾਹ ਨੂੰ ਉਤਸ਼ਾਹਿਤ ਕਰਨ ਲਈ, ਅਸੀਂ ਦੁਪਹਿਰ ਦਾ ਲੰਗਰ ਜਲਦੀ ਸ਼ੁਰੂ ਕਰ ਦੇਵਾਂਗੇ , ਜਿਨ੍ਹਾਂ ਜਲਦੀ ਹੋ ਸਕੇ ਖਾਣਾ ਤਿਆਰ ਕੀਤਾ ਜਾਵੇਗਾ

੫) ੧੬ ਮਾਰਚ ੨੦੨੦ ਤੋਂ ਹਫਤੇ ਦੇ ਆਮ ਦਿਨਾਂ ਵਿਚ ਲੰਗਰ ਵਿਚ ਸਧਾਰਨ ਦਾਲ ,ਚੌਲ ਅਤੇ ਚਾਹ ਅਤੇ ਹਫਤੇ ਦੇ ਅੰਤ ਵਿਚ ਦੇਗ, ਚਨੇ ਅਤੇ ਚਾਹ ਵਰਤਾਈ ਜਾਵੇਗੀ । ਹੋਰ ਤਾਂ ਹੋਰ , ਡਿਸਪੋਸੇਜਲ ਪਲੇਟਾਂ ਤੇ ਕੱਪ ਅਤੇ ਚੱਮਚ ਵਰਤੇ ਜਾਣਗੇ । ਇਹ ਲੰਗਰ ਸੰਸਥਾ ਵੱਲੋਂ ਸਥਾਪਿਤ ਕੀਤਾ ਗਿਆ ਹੈ , ਭਾਵੇਂ ਕੋਈ ਵੀ ਸਮਾਰੋਹ ਹੋਵੇ ।

ਸਿੱਟੇ ਵਜੋਂ ਇਹ ਸਭ ਹਦਾਇਤਾਂ ਅਗਲੇ ਖ਼ਤਰੇ ਤੋਂ ਬਚਾ ਸਕਦੀਆਂ ਹਨ। ਇਥੇ ਕੋਈ ਵੀ ਹਥੱਲੀ ਨਹੀਂ ਹੈ ਜੋ ਕਿ ਸਾਨੂੰ ਜਾਗਰੂਕ ਕਰ ਸਕੇ ਕਿ ਅਸੀਂ ਕਿਵੇਂ ਆਪਣਾ ਰਵੱਈਆ ਦੱਸੀਏ । ਪਰ ਸਾਨੂੰ ਆਪਣੇ ਪ੍ਰਤੀ ਜਾਗਰੂਕ ਹੋਣ ਦੀ ਲੋੜ ਹੈ ਤਾਂ ਜ਼ੋ ਅਸੀਂ ਸੁਰੱਖਿਅਤ ਅਤੇ ਸਿਹਤਮੰਦ ਰਿਹ ਸਕੀਏ । ਹਰ ਇਕ ਵਿਅਕਤੀ ਨੂੰ ਆਪਣਾ ਫਰਜ਼ ਨਿਭਾਉਣਾ ਚਾਹੀਦਾ ਹੈ ਕਿ ਉਹ ਇਸ ਵਾਇਰਸ ਨੂੰ ਫੈਲਣ ਤੋਂ ਰੋਕ ਸਕਣ । ਸਾਨੂੰ ਲੋੜ ਹੈ ਕਿ ਅਸੀਂ ਆਪਣੇ ਆਪ ਵਿਚ ਇਕ ਜ਼ਿੰਮੇਵਾਰ ਨਾਗਰਿਕ ਬਣੀਏ ਅਤੇ ਬਿਮਾਰ ਹੋਣ ਜਾਂ ਕਿਸੇ ਪੀੜਤ ਵਿਅਕਤੀ ਦੇ ਸੰਪਰਕ ਵਿਚ ਆਉਣ ਅਤੇ ਜਾਂ ਕੋਈ ਵਿਅਕਤੀ ਇਸ ਤੋਂ ਪ੍ਰਭਾਵਿਤ ਹੋਵੇ ਉਹ ਗੁਰਦੁਆਰਾ ਸਾਹਿਬ ਨਾ ਆਉਣ । ਬਜ਼ੁਰਗ ਵਿਅਕਤੀਆਂ ਨੂੰ ਇਸ ਪ੍ਰਤੀ ਜ਼ਿਆਦਾ ਸੁਚੇਤ ਹੋਣ ਦੀ ਲੋੜ ਹੈ ਕਿਉਂਕਿ ਉਨ੍ਹਾਂ ਨੂੰ ਇਸ ਵਾਇਰਸ ਨਾਲ ਜ਼ਿਆਦਾ ਮੁਸ਼ਕਿਲਾ ਦਾ ਸਾਹਮਣਾ ਕਰਨਾ ਪੈ ਸਕਦਾ ਹੈ । ਸਾਨੂੰ ਬਜ਼ੁਰਗਾਂ ਨੂੰ ਇਸ ਪ੍ਰਤੀ ਜਾਗਰੂਕ ਕਰਨਾ ਚਾਹੀਦਾ ਹੈ ਅਤੇ ਸਲਾਹ ਦੇਣੀ ਚਾਹੀਦੀ ਹੈ ਕਿ ਉਹ ਡਾਕਟਰ ਕੋਲ ਚੈੱਕ ਅੱਪ ਕਰਵਾਉਣ ਜਾ ਘਰ ਵਿਚ ਆਰਾਮ ਕਰਨ । ਸਿਹਤਮੰਦ ਬਜ਼ੁਰਗਾਂ ਨੂੰ ਦੱਸਿਆ ਜਾਂਦਾ ਹੈ ਕਿ ਉਹ ਆਪਣੀ ਸਿਹਤ ਦਾ ਖਿਆਲ ਰੱਖਣ ਅਤੇ ਸਮੇਂ ਸਿਰ ਆਪਣੇ ਹੱਥ ਸਾਫ਼ ਕਰਨ ਅਤੇ ਹੱਥਾਂ ਨਾਲ ਨੱਕ ਕੰਨ ਮੂੰਹ ਨੂੰ ਨਾ ਛੂਹਣ । ਸਾਨੂੰ ਸਾਰਿਆਂ ਨੂੰ ਸਮਾਜਿਕ ਜ਼ਿੰਮੇਵਾਰ ਨਾਗਰਿਕ ਬਣਨਾ ਪਵੇਗਾ, ਸਮਾਜਿਕ ਦੂਰੀ ਬਣਾਈ ਰੱਖੋ ਅਤੇ ਸਾਵਧਾਨੀਆਂ ਵਰਤੋ ।

ਕੋਵਿਦ ੧੯(COVID-19) ਵਾਇਰਸ ਕੁੱਝ ਸਮੇਂ ਲਈ ਰਹਿ ਸਕਦਾ ਹੈ ਅਤੇ ਸਾਨੂੰ ਲੋੜ ਹੈ ਕਿ ਅਸੀਂ ਇਸਨਾਲ ਕਿਵੇਂ ਨਜਿੱਠ ਸਕਦੇ ਹਾਂ । ਮੈਨੇਜਮੈਂਟ ਕਮੇਟੀ ਵੱਲੋਂ ਵਾਤਾਵਰਨ ਨੂੰ ਸ਼ੁੱਧ ਅਤੇ ਸੁਰੱਖਿਅਤ ਬਣਾਉਣ ਲਈ ਕਈ ਲੋੜੀਂਦੇ ਕਦਮ ਚੁੱਕੇ ਜਾ ਰਹੇ ਹਨ । ਤੁਹਾਡੀ ਭਲਾਈ ਹਮੇਸ਼ਾ ਸਾਡਾ ਫਰਜ਼ ਹੈ । ਸਾਨੂੰ ਸ਼ਾਂਤ ਅਤੇ ਸੁਚੇਤ ਰਹਿ ਕੇ ਇਸ ਮਹਾਂਮਾਰੀ ਦਾ ਸਾਹਮਣਾ ਕਰਨਾ ਚਾਹੀਦਾ ਹੈ । ਗਿਆਨੀ ਜੀ ਕ੍ਰਿਪਾ ਕਰਦੇ ਹਨ ਕਿ ਉਹ ਇਸ ਪ੍ਰਤੀ ਯਕੀਨ ਰੱਖਦੇ ਹਨ ਕਿ ਉਹ ਇਕੱਠੇ ਹੋ ਕੇ ਇਸ ਸਮੇਂ ਨਾਲ ਲੜ ਸਕਦੇ ਹਨ।

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ!

ਸਰਬਜੀਤ ਸਿੰਘ
ਖਾਲਸਾ ਧਰਮ ਸਭਾ ਦੇ ਪ੍ਰਧਾਨ